ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ਦੀ ਤਾਰੀਖ

(ਪਾਲ ਸਿੰਘ ਪੁਰੇਵਾਲ)

ਪਿਛਲੇ ੧੦੦ ਸਾਲਾਂ ਵਿੱਚ ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ਼ ਬਾਰੇ ਇਨ੍ਹਾ ਕੁੱਝ ਲਿਖਿਆ ਜਾ ਚੁੱਕਾ ਹੈ ਕਿ ਹੋਰ ਕੁੱਝ ਲਿਖਣਾ ਸ਼ਾਇਦ ਵਾਲ ਦੀ ਖੱਲ ਲਾਹੁਣੀ ਸਮਝਿਆ ਜਾਵੇ। ਪਰ ਇਕ ਐਸਾ ਦ੍ਰਿਸ਼ਟੀ ਕੋਣ ਹੈ ਜਿਸ ਤ੍ਰੋ ਅਜੇ ਤਕ ਇਸ ਵਿਸ਼ੇ ਨੂੰ ਕਿਸੇ ਨੇ ਛੋਹਿਆ ਨਹੀ। ਇਸ ਪੇਪਰ ਵਿਚ ਅਸੀਂ ਇਸ ਨਵੇਂ ਦ੍ਰਿਸ਼ਟੀ ਕੋਣ ਨੂੰ ਉਜਾਗਰ ਕਰਨ ਦਾ ਯਤਨ ਕਰਾਂਗੇ।

ਇਸ ਤ੍ਰੋ ਪਿਹਲਾਂ ਕਿ ਇਹ ਦ੍ਰਿਸ਼ਟੀ ਕੋਣ ਪੇਸ਼ ਕੀਤਾ ਜਾਵੇ ਅੱਜ ਤਕ ਜੋ ਵਿਚਾਰ ਇਸ ਸੰਧਰਭ ਵਿਚ ਆਏ ਹਨ ਉਨ੍ਹਾਂ ਦਾ ਸਾਰੰਸ਼ ਦੇਣਾ ਅਨਉਚਿੱਤ ਨਹੀਂ ਹੋਵੇਗਾ।

ਪਹਿਲਾ ਪੱਖ

ਇਹ ਪੱਖ ਪੁਰਾਣੀਆ ਜਨਮ ਸਾਖੀਆ ਦੇ ਹਵਾਲੇ ਰਾਹੀਂ ਕੱਤਕ ਸੁਦੀ ਪੂਰਨਮਾਸ਼ੀ ੧੫੨੬ ਬਿਕ੍ਰਮੀ ਪ੍ਰਕਾਸ਼ ਦਿਵਸ ਮੰਨਣ ਵਾਲਿਆਂ ਦਾ ਹੈ। ਪੁਰਾਣੇ ਸੋਮਿਆਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਆਯੂ ੭੦ ਸਾਲ, ੫ ਮਹੀਨੇ ਅਤੇ ੭ ਦਿਨ ਲਿਖੀ ਹੋਈ ਹੈ, ਅਤੇ ਉਨ੍ਹਾ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦, ੧੫੯੬ ਬਿ: ਮਿਲਦੀ ਹੈ। ਇਸ ਪੱਖ ਦੇ ਵਿਚਾਰਵਾਨ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅਤੇ ਪ੍ਰਕਾਸ਼ ਦੀਆਂ ਤਾਰੀਖਾਂ ਨੂੰ ਤਾਂ ਸਹੀ ਮੰਨਦੇ ਹਨ ਪਰ ਆਯੂ ੭੦ ਸਾਲ, ੫ ਮਹੀਨੇ ਤੇ ੭ ਦਿਨ ਨੂੰ ਠੀਕ ਨਹੀ ਮੰਨਦੇ ਕਿਉਂਕਿ ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: ਤੋਂ ਅੱਸੂ ਵਦੀ ੧੦,੧੫੯੬ ਬਿ: ਤੱਕ ਸਮਾਂ ੭੦ ਸਾਲ ਤ੍ਰੋ ਘੱਟ ਬਣਦਾ ਹੈ।

ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ:
=੨੦ ਅਕਤੂਬਰ, ੧੪੬੯ ਸ:ਸ:
=੨੧ ਕੱਤਕ, ੧੫੨੬ ਬਿ: ਸੂਰਜੀ (ਸੰਗ੍ਰਾਂਦੀ)

ਅੱਸੂ ਵਦੀ ੧੦, ੧੫੯੬ ਬਿ:
=੭ ਸਤੰਬਰ, ੧੫੩੯ ਸ:ਸ:
=੮ ਅੱਸੂ, ੧੫੯੬ ਬਿ: ਸੂਰਜੀ
=ਐਤਵਾਰ

ਗੁਰੂ ਜੀ ਦੀ ਆਯੂ

(ੳ) ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: ਤੋਂ ਅੱਸੂ ਵਦੀ ੧੦, ੧੫੯੬ ਬਿ: ਤੱਕ
=੬੯ ਸਾਲ, ੧੦ ਮਹੀਨੇ, ੧੦ ਦਿਨ
(ਚੰਦ੍ਰਸਾਲ ਅਨੁਸਾਰ)

(ਅ) ੨੧ ਕੱਤਕ, ੧੫੨੬ ਬਿ: ਤੋਂ ੮ ਅੱਸੂ, ੧੫੯੬ ਬਿ: ਤੱਕ
=੬੯ ਸਾਲ ੧੦ ਮਹੀਨੇ, ੧੮ ਦਿਨ
(ਸੂਰਜੀ ਸਾਲ ਅਨੁਸਾਰ)

(ੲ) ੨੦ ਅਕਤੂਬਰ, ੧੪੬੯ ਸ:ਸ: ਤ੍ਰੋ ੭ ਸਤੰਬਰ, ੧੫੩੯ ਸ:ਸ: ਤੱਕ
=੬੯ ਸਾਲ, ੧੦ ਮਹੀਨੇ, ੧੮ ਦਿਨ

ਦੂਜਾ ਪੱਖ

ਅਧੁਨਿਕ ਖੋਜਕਾਰਾਂ ਦਾ ਵਿਚਾਰ ਹੈ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਸੁਦੀ ੧੦, ੧੫੯੬ ਬਿ: ਹੈ। ਇਹ ਤਾਰੀਖ਼ ਪਹਿਲੇ ਪੱਖ ਵਾਲਿਆ ਨਾਲੋ ੧੫ ਦਿਨ ਬਾਅਦ ਦੀ ਹੈ, ਕਿਉਂਕਿ ਉੱਤਰੀ ਭਾਰਤ ਵਿੱਚ ਪ੍ਰਚੱਲਤ ਚੰਦ੍ਰਮਾਸ ਵਿੱਚ ਸੁਦੀ ਦਾ ਪੱਖ (ਚਾਨਣਾ ਪੱਖ), ਵਦੀ ਪੱਖ (ਅਨ੍ਹੇਰਾ ਪੱਖ) ਤੋ ਪਿੱਛੋ ਆਉਂਦਾ ਹੈ। ਇਸ ਵਿਚਾਰ ਵਾਲੇ ਗੁਰੂ ਜੀ ਦੀ ਆਯੂ ੭੦, ਸਾਲ, ੫ ਮਹੀਨੇ, ਅਤੇ ੭ ਦਿਨ ਮੰਨਦੇ ਹਨ। ਆਯੂ ਨੂੰ ਜੋਤੀ ਜੋਤ ਦੀ ਤਾਰੀਖ (ਚੰਦ੍ਰਮਾਸ ਅਨੁਸਾਰ) ਚੋਂ ਘਟਾ ਕੇ ਗੁਰੂ ਜੀ ਦੀ ਜਨਮ ਤਾਰੀਖ਼ ਵੈਸਾਖ ਸੁਦੀ ੩, ੧੫੨੬ ਬਿ: ਬਣਾ ਲੈਂਦੇ ਹਨ।

ਹੁਣ ਇਨ੍ਹਾਂ ਚੰਦ੍ਰਮਾਸੀ ਤਾਰੀਖਾਂ ਨੂੰ ਵੀ ਬਿ: (ਸੂਰਜੀ) ਅਤੇ ਸ:ਸ: ਦੀਆ ਤਾਰੀਖਾਂ ਵਿੱਚ ਬਦਲੀਏ:

ਵੈਸਾਖ ਸੁਦੀ ੩, ੧੫੨੬ ਬਿ:
=੧੫ ਅਪ੍ਰੈਲ, ੧੪੬੯ ਸ:ਸ:
=੨੦ ਵੈਸਾਖ,੧੫੨੬ ਬਿ: (ਸੂਰਜੀ)
=ਸਨਿੱਚਰਵਾਰ
=ਸ਼ੁੱਕਰਵਾਰ
ਅੱਸੂ ਸੁਦੀ ੧੦, ੧੫੯੬ ਬਿ:
=੨੨ ਸਤੰਬਰ, ੧੫੩੯ ਸ:ਸ:
=੨੩ ਅੱਸੂ, ੧੫੯੬ ਬਿ: (ਸੂਰਜੀ)
=ਸੋਮਵਾਰ

ਗੁਰੂ ਜੀ ਦੀ ਆਯੂ

(ਸ) ਵੈਸਾਖ ਸੁਦੀ ੩, ੧੫੨੬ ਬਿ: ਤੋਂ ਅੱਸੂ ਸੁਦੀ ੧੦, ੧੫੯੬ ਬਿ: ਤੱਕ

=੭੦ ਸਾਲ, ੫ ਮਹੀਨੇ, ੭ ਦਿਨ

(ਹ) ੨੦ ਵੈਸਾਖ, ੧੫੨੬ ਬਿ: ਤੁ੍ਹ ੨੩ ਅੱਸੂ, ੧੫੯੬ ਬਿ: ਤੱਕ

=੭੦ ਸਾਲ, ੫ ਮਹੀਨੇ, ੩ ਦਿਨ

(ਕ) ੧੫ ਅਪ੍ਰੈਲ, ੧੪੬੯ ਸ:ਸ: ਤੋਂ ੨੨ ਸਤੰਬਰ, ੧੫੩੯ ਸ:ਸ: ਤੱਕ

=੭੦ ਸਾਲ, ੫ ਮਹੀਨੇ, ੭ ਦਿਨ

(ੳ) ਤੇ (ਸ) ਦੀਆ੍ਹ ਤਾਰੀਖ਼ਾਂ ਬਿਕ੍ਰਮੀ ਸੰਮਤ ਦੇ ਚੰਦ੍ਰਮਾਂ ਦੇ ਸੁਦੀ ਤੇ ਵਦੀ ਦੇ ਪੱਖ ਅਨੁਸਾਰ ਹਨ।

(ਅ) ਤੇ (ਹ) ਦੀਆ੍ਹ ਤਾਰੀਖ਼ਾਂ ਉਸੀ ਸੰਮਤ ਦੇ ਸੂਰਜੀ (ਸੰਗ੍ਰਾਂਦੀਂ) ਮਹੀਨਿਆਂ ਅਨੁਸਾਰ ਹਨ।

ਉੱਤਰੀ ਭਾਰਤ ਵਿੱਚ ਚੰਦ੍ਰਮਾਸ ਵਦੀ ਏਕਮ ਨਾਲ ਅਰੰਭ ਹੁੰਦਾ ਹੈ ਜੋ ਕਿ ਆਮ ਤੌਰ ਤੇ ਪਿਛਲੇ ਮਹੀਨੇ ਦੀ ਪੂਰਨਮਾਸ਼ੀ ਤੁ੍ਹ ਅਗਲੇ ਦਿਨ ਹੁੰਦੀ ਹੈ, ਅਤੇ ਪੂਰਨਮਾਸ਼ੀ ਵਾਲੇ ਦਿਨ ਮਹੀਨਾ ਪੂਰਾ ਹੁੰਦਾ ਹੈ । ਸੂਰਜੀ ਮਹੀਨੇ ਸੰਗ੍ਰਾਦ ਤੁ੍ਹ ਸ਼ੁਰੂ ਹੁੰਦੇ ਹਨ।

ਸਾਧਾਰਨ ਚੰਦ੍ਰ ਸਾਲ ਸੂਰਜੀ ਸਾਲ ਤੁ੍ਹ ੧੧ ਦਿਨ ਛੋਟਾ ਹੈ। ਇਸ ਲਈ ਚੰਦ੍ਰ ਸਾਲ ਦਾ ਸੂਰਜੀ ਸਾਲ ਨਾਲ ਮੇਲ ਰੱਖਣ ਲਈ ਹਰ ਤੀਜੇ ਜਾਂ ਚੌਥੇ ਸਾਲ ਚੰਦ੍ਰ ਸਾਲ ਵਿੱਚ ੧ ਮਹੀਨਾ ਵਧਾ ਦਿੱਤਾ ਜਾਂਦਾ ਹੈ। ਇਸ ਤਰਾਂ ਇਸ ਸਾਲ ਵਿੱਚ ੧੩ ਮਹੀਨੇ ਹੋ ਜਾਂਦੇ ਹਨ।, ਅਤੇ ਇਕੋ ਨਾਂ ਦੇ ੨ ਮਹੀਨੇ ਹੁੰਦੇ ਹਨ। ਵਾਧੂ ਮਹੀਨੇ ਨੂੰ ਮਲਮਾਸ ਜਾਂ ਲੌਂਦ ਦਾ ਮਹੀਨਾ ਆਖਿਆ ਜਾਂਦਾ ਹੈ। ੧੯ ਸਾਲਾਂ ਵਿੱਚ ੭ ਮਲਮਾਸ ਹੰਦੇ ਹਨ।

ਕਿਉਂਕਿ ਚੰਦ੍ਰਮਾਸ ਦੇ ਮਹੀਨੇ ੨੯ ਜਾਂ ੩੦ ਦਿਨ ਦੇ ਹੁੰਦੇ ਹਨ, ਅਤੇ ਸੂਰਜੀ ਬਿਕ੍ਰਮੀ ਮਹੀਨੇ ੨੯,੩੦, ੩੧, ਜਾਂ ੩੨ ਦਿਨ ਦੇ, ਅਤੇ ਕਿ੍ਉਂਕਿ ਚੰਦ੍ਰਮਾਸਾਂ ਵਿੱਚ ਲੌਂਦ ਦੇ ਮਹੀਨੇ ਆ ਜਾਂਦੇ ਹਨ, ਇਸ ਕਰਕੇ ਆਯੂ ਦੀ ਗਣਤਿ ਦੋਹਾਂ (ਸੂਰਜੀ ਅਤੇ ਚੰਦ੍ਰੀ) ਕੈਲੰਡਰਾਂ ਅਨੁਸਾਰ ਕਰਨ ਨਾਲ ਕਦੇ ਹੀ ਮੇਲ ਖਾਵੇਗੀ, ਜਿਵ੍ਹੇਂ ਕਿ (ੳ) ਦੀ (ਅ) ਨਾਲ, ਅਤੇ (ਸ) ਦੀ (ਹ) ਨਾਲ ਤੁਲਨਾਂ ਕੀਤਆਂ ਸਪਸ਼ਟ ਹੁੰਦਾ ਹੈ। ਜੇ ਆਯੂ ਦੇ ਨਾਲ ਇਹ ਨਹੀਂ ਦਸੱਿਆ ਜਾਂਦਾ ਕਿ ਆਯੂ ਕਿਸ ਕੈਲੰਡਰ ਅਨੁਸਾਰ ਹੈ ਤਾਂ ਪਾਠਕ ਗ਼ਲਤ ਸਿੱਟੇ ਤੇ ਪਹੁੰਚ ਸਕਦੇ ਹਨ।

ਹੇਠ ਲਿਖੀ ਉਦਾਹਰਣ ਇਸ ਨੂੰ ਹੋਰ ਵੀ ਸਪਸ਼ਟ ਕਰ ਦੇਵੇਗੀ:

(ਖ) ਚੇਤ ਸੁਦੀ ੧, ੨੦੪੯ ਬਿ: ੨੨ ਚੇਤ ਨੂੰ ਸੀ

(ਗ) ਚੇਤ ਸੁਦੀ ੧, ੨੦੫੦ ਬਿ: ੧੧ ਚੇਤ ਨੂੰ ਸੀ

(ਘ) ਚੇਤ ਸੁਦੀ ੧, ੨੦੫੧ ਬਿ: ੨੯ ਚੇਤ ਨੂੰ ਸੀ

ਭਾਵੇਂ (ਖ) ਤੇ (ਗ) ਵਿੱਚ, ਅਤੇ (ਗ) ਤੇ (ਘ) ਵਿੱਚ ਚੰਦ੍ਰਸਾਲ ਅਨੁਸਾਰ ਪੂਰੇ ੧ ਸਾਲ ਦਾ ਫਰਕ ਹੈ, ਪਰ ਪਹਿਲੀ ਹਾਲਤ ਵਿੱਚ ਸੰਗ੍ਰਾਦਾਂ ਮੁਤਾਬਿਕ ੧ ਸਾਲ ਤੋਂ ੧੧ ਦਿਨ ਘੱਟ ਹਨ ਅਤੇ ਦੂਜੀ ਵਿੱਚ ੧ ਸਾਲ ਤੋਂ ੧੮ ਦਿਨ ਵੱਧ। (ਖ) ਤੇ (ਘ) ਵਿੱਚ ਚੰਦ੍ਰਸਾਲ ਅਨੁਸਾਰ ਪੂਰੇ ੨ ਸਾਲ ਹਨ, ਪਰ ਸੰਗ੍ਰਾਦਾ੍ਹ ਮੁਤਾਬਿਕ ੨ ਸਾਲ ਅਤੇ ੭ ਦਿਨ।

ਵੈਸਾਖ ਸੁਦੀ ੩ ਦਾ ਪੱਖ ਪੂਰਨ ਵਾਲਿਆ੍ਹ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਚੰਦ੍ਰ -ਸੂਰਜੀ ਸੰਮਤ ਦੁਆਰਾ ਗਣਿਤ ਕੀਤੀ ਹੋਈ ਤਾਰੀਖ਼ ਹੈ, ਉਨ੍ਹਾਂ ਵੱਲੋਂ ਪਰਵਾਣਿਤ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਸੁਦੀ ੧੦, ੧੫੯੬ ਬਿ: ਵਿੱਚੋਂ ੭੦ ਸਾਲ, ੫ ਮਹੀਨੇ, ੭ ਦਿਨ ਘਟਾ ਕੇ। ਇਸ ਗੱਲ ਨਾਲ ਕੋਈ ਫ਼ਰਕ ਨਹੀ੍ਹ ਪੈਦਾ ਕਿ ਇਸ ਦੀ ਗਣਿਤ ਭਾਈ ਮਨੀ ਸਿੰਘ ਨੇ ਕੀਤੀ ਸੀ ਜਾਂ ਹੋਰ ਕਿਸੇ ਪ੍ਰਾਚੀਨ ਲਿਖਾਰੀ ਨੇ।

ਇਸ ਤੁ੍ਹ ਪਹਿਲਾਂ ਕਿ ਅਸੀਂ ਇਨ੍ਹਾਂ ਦੋਹਾਂ ਵਿਚਾਰਧਾਰਾਂ ਤੁ੍ਹ ਵੱਖਰੀ ਤੇ ਵਿਲੱਖਣਤਾ ਵਾਲੀ ਤਾਰੀਖ਼ ਪੇਸ਼ ਕਰੀਏ, ਗਿ: ਈਸ਼ਰ ਸਿੰਘ ਨਾਰਾ ਵੱਲੋਂ ਜਿਸ ਟੇਵੇ ਨੂੰ ਆਪਣੀ ਪੁਸਤਕ ‘ਵਸਾਖ ਨਹੀਂ ਕੱਤਕ’ ਵਿੱਚ ਸਹੀ ਸਾਬਿਤ ਕਰਨ ਦਾ ਯਤਨ ਕੀਤਾ ਗਿਆ ਸੀ, ਉਸ ਵਿੱਚ ਕੁੱਝ ਸ੍ਵੈ-ਵਿਰੋਧੀ ਤੱਥਾਂ ਤੇ ਵਿਚਾਰ ਕਰੀਏ:

੧) ਟੇਵੇ ਵਿੱਚ ਕੱਤਕ ਪੂਰਨਮਾਸ਼ੀ ੯ ਮੱਘਰ, ੧੫੨੬ ਬਿ: ਨੂੰ ਦਿਖਾਈ ਗਈ ਹੈ। ਪਰ ਕੱਤਕ ਸੁਦੀ ਪੂਰਨਮਾਸ਼ੀ, ੧੫੨੬ ਬਿ: ੨੧, ਕੱਤਕ, ੨੦ ਅਕਤੂਬਰ, ੧੪੬੯ ਸ:ਸ:, ਸ਼ੁੱਕਰਵਾਰ ਨੂੰ ਸੀ। ਕੱਤਕ ਪੂਰਨਮਾਸ਼ੀ ਤੁ੍ਹ ਅਗਲੀ ਪੂਰਨਮਾਸ਼ੀ ੧੯ ਨਵੰਬਰ,

੧੪੬੯ ਸ:ਸ: , ੨੨ ਮੱਘਰ ਐਤਵਾਰ ਨੂੰ ਸੀ। ਇਹ ਪੂਰਨਮਾਸ਼ੀ ਮੱਘਰ ਸੁਦੀ ੧੫ ਸੀ, ਨਾਂ ਕਿ ਕੱਤਕ ਸੁਦੀ ੧੫ । ਦਰ ਅਸਲ ੯ ਮੱਘਰ ਨੂੰ ਮੱਘਰ ਸੁਦੀ ਦੂਜ ਸੀ।

੨) ਟੇਵੇ ਵਿੱਚ ਦਿੱਤਾ ਦਿਨ ਵੀਰਵਾਰ ਹੈ। ਇਹ ਵੀ ਗ਼ਲਤ ਹੈ। ਕੱਤਕ ਪੂਰਨਮਾਸ਼ੀ ਨੂੰ ਸ਼ੁੱਕਰਵਾਰ ਸੀ। ਵੀਰਵਾਰ ੯ ਮੱਘਰ ਨੂੰ ਵੀ ਨਹੀ਼ ਸੀ, ਬਲਕਿ ਉਸ ਮਿਤੀ ਨੂੰ ਸੋਮਵਾਰ ਸੀ। ਸੂਰਜ ਚੰਦ੍ਰਮਾਂ ਨੂੰ ਜ਼ਰੂਰ ਪੂਰਨਮਾਸ਼ੀ ਦੀ ਸਥਿਤੀ ਵਿੱਚ ਦਿਖਾਇਆ ਹੈ, ਪਰ ਸਾਰੇ ਗ੍ਰਹਿਾਂ ਦੀਆਂ ਰਾਸ਼ੀਆਂ ਗਲਤ ਹਨ । ਰਾਹੂ ਦੀ ਥਾਂ ਕੇਤੂ ਅਤੇ ਕੇਤੂ ਦੀ ਥਾਂ ਰਾਹੂ ਹੈ ।

੩) ਗਿ: ਜੀ ਨੇ ਇਸ ਗੱਲ ਤੇ ਬੜਾ ਜ਼ੋਰ ਦਿੱਤਾ ਹੈ ਕਿ ੫੦੦ ਸਾਲ ਬਾਅਦ ੨੦੨੬ ਬਿ: ਨੂੰ ਪੂਰਨਮਾਸ਼ੀ ਫ਼ਿਰ ੯ ਮੱਘਰ ਨੂੰ ਵਾਪਰੀ ਤੇ ਇਸ ਨੂੰ ਗੁਰੂ ਜੀ ਦਾ ਕ੍ਰਿਸ਼ਮਾ ਦੱਸਿਆ ਹੈ।

ਇਹ ਠੀਕ ਹੈ ਕਿ ੨੦੨੬ ਬਿ: ਕੱਤਕ ਪੂਰਨਮਾਸ਼ੀ ੯ ਮੱਘਰ ਮੁਤਾਬਿਕ ੨੩ ਨਵੰਬਰ, ੧੯੬੯ ਸ:ਸ: ਨੂੰ ਹੀ ਸੀ। ਪਰ ਬੜੀ ਸਰਲ ਗਣਿਤ ਨਾਲ ਸਿੱਧ ਕੀਤਾ ਜਾ ਸਕਦਾ ਹੈ ਕਿ ੫੦੦ ਸਾਲ ਪਹਿਲਾਂ ਬਿ: ਸੂਰਜੀ ਕੈਲੰਡਰ ਅਨੁਸਾਰ ਉਹੀ ਤਿਥ ਉਸੇ ਮਹੀਨੇ ਦੀ ਉਸੀ ਤਾਰੀਖ ਨੂੰ ਨਹੀ਼ ਹੋ ਸਕਦੀ।

ਔਸਤ ਗਣਿਤ ਨਾਲ ਜੋ ਤਿਥੀ ਸੂਰਜ ਸਿਧਾਂਤ ਅਨੁਸਾਰ ਕਿਸੇ ਵੀ ਮਹੀਨੇ ਦੀ ਕਿਸੇ ਤਾਰੀਖ਼ (ਪ੍ਰਵਿਸ਼ਟੇ) ਨੂੰ ਹੋਏਗੀ, ੫੦੦ ਸਾਲ ਪਹਿਲਾਂ ਉਸੇ ਮਹੀਨੇ ਦੇ ਉਸੇ ਪ੍ਰਵਿਸ਼ਟੇ ਨੂੰ ਉਸ ਤ੍ਹੋ ੧੨ ਤਿਥੀਆਂ ਪਹਿਲਾਂ ਦੀ ਤਿਥ ਹੋਏਗੀ।

ਹੁਣ, ੯ ਮੱਘਰ, ੨੦੨੬ ਬਿ: ਨੂੰ ਪੂਰਨਮਾਸ਼ੀ ਸੀ,, ਇਸ ਲਈ ੫੦੦ ਸਾਲ ਪਹਿਲ੍ਹਾ ੯ ਮੱਘਰ ਨੂੰ ਪੂਰਨਮਾਸ਼ੀ ਤ੍ਹੋ ੧੨ ਤਿਥਾਂ ਪਹਿਲਾਂ ਸੁਦੀ ਤੀਜ ਹੋਵੇਗੀ। ਲੇਖਿਕ ਕ੍ਰਿਤ 'ਜੰਤਰੀ ੫੦੦',' ੧੫੨੬ ਬਿ: ਦਾ ਕੈਲੰਡਰ ਵੇਖਣ ਤੋਂ ਪਤਾ ਲੱਗਦਾ ਹੈ ਕਿ ਉਸ ਦਿਨ ਮੱਘਰ ਸੁਦੀ ਦੂਜ ਸੀ। ਉਪ੍ਰੋਕਤ ਗਣਿਤ ਤ੍ਹੋ ੧ ਤਿਥ ਦਾ ਫ਼ਰਕ ਇਸ ਕਰਕੇ ਹੈ ਕਿ ਇਥੇ ਦਿੱਤੀ ਗਣਿਤ ਔਸਤ ਤੇ ਸਥੂਲ ਗਣਿਤ ਹੈ। ਸੂਖਸ਼ਮ ਗਣਿਤ ਨਾਲੋਂ ੧ ਤਿਥ ਦਾ ਫ਼ਰਕ ਹੋ ਸਕਦਾ ਹੈ।

ਲੇਖਿਕ ਕ੍ਰਿਤ "Jantri 500 Years" ਵਿੱਚੋ਼ ਦੇਖਿਆ ਜਾ ਸਕਦਾ ਹੈ ਕਿ ੯ ਮੱਘਰ ੧੫੨੬ ਬਿ: ਨੂੰ ਮੱਘਰ ਸੁਦੀ ੨, ਸੋਮਵਾਰ ਸੀ।

੪) ਟੇਵੇ ਵਿੱਚ ਦਿੱਤੇ ਗ੍ਰਹਿ ਰਾਹੂ, ਕੇਤੂ, ਸ਼ਨੀ, ਬ੍ਰਹਸਪਤਿ, ਬੁੱਧ ਅਤੇ ਸ਼ੁੱਕਰ ਸਭ ਗ਼ਲਤ ਸਥਾਨਾਂ ਤੇ ਹਨ ।

੫) ਦੋਹਾਂ ਪੱਖਾਂ ਦੇ ਵਿਚਾਰਵਾਨ ਇਸ ਤੇ ਸਹਿਮਤ ਹਨ ਕਿ ਗੁਰੂ ਜੀ ਦਾ ਜਨਮ ਅੱਧੀ ਰਾਤ ਤੋਂ ਬਆਦ ਦਾ ਹੈ । ਪਰ ਟੇਵੇ ਵਿੱਚ ਦਿੱਤਾ ਜਨਮ ਦਾ ਸਮਾਂ ੪੧ ਘੜੀ ੧੮ ਪਲ ਅੱਧੀ ਰਾਤ ਤੋਂ ਪਹਿਲਾਂ ਦਾ ਬਣਦਾ ਹੈ । ਇਹ ਵੀ ਗ਼ਲਤ ਹੈ ।

ਅਸੀਂ ਬੜੇ ਭਰੋਸੇ ਨਾਲ ਕਹਿ ਸਕਦੇ ਹਾਂ ਕਿ ਜਾਂ ਤਾਂ ਇਹ ਟੇਵਾ ਕਿਸੇ ਪੰਡਿਤ ਦਾ ਨਹੀਂ ਬਣਾਇਆ ਹੋਇਆ ਅਤੇ ਜਾਂ ਫਿਰ ਉਸ ਪੰਡਿਤ ਨੂੰ ਪਤਾ ਹੀ ਨਹੀਂ ਸੀ ਕਿ ਟੇਵੇ ਕੀ ਹੁੰਦੇ ਹਨ ।

ਹੁਣ ਅਸੀਂ ਸ: ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ –ਕੱਤਕ ਕਿ ਵਿਸਾਖ – ਵਿੱਚ ਦਿੱਤੇ ਟੇਵੇ ਤੇ ਵਿਚਾਰ ਕਰਾਂਗੇ । ਸ: ਕਰਮ ਸਿੰਘ ਲਿਖਦੇ ਹਨ --- "ਟੇਵੇ ਦੀ ੮ ਵਿਸਾਖ ਬੁਧਵਾਰ ਦੀ ਲਿਖਤ ਅਸ਼ੁੱਧ ਹੈ । ਪਰ ਜਦ ਸੰਮਤ ੧੫੨੭ ਦੀ ਵਿਸਾਖ ਸੁਦੀ ੩ ਤੋਂ ਹਿਸਾਬ ਕਰੀਦਾ ਹੈ ਤਾਂ ਇਸ ਸਾਲ ਵਿਸਾਖ ਸੁਦੀ ੩ ਬੁਧਵਾਰ ੮ ਵਿਸਾਖ ਹੀ ਬਣਦੀ ਹੈ, ਇਸ ਤੋਂ ਮਲੂਮ ਹੁੰਦਾ ਹੈ ਕਿ ਟੇਵਾ ਬਣਾਣ ਵਾਲੇ ਨੇ ਇੱਕ ਸਾਲ ਦਾ ਭੁਲੇਖਾ ਖਾਧਾ ਹੈ । --- ਮਾਲੂਮ ਹੁੰਦਾ ਹੈ ਕਿ ਟੇਵਾ ਬਣਾਣ ਵਾਲੇ ਨੇ ੧੫੨੬ ਨੂੰ ਗਤ ਮੰਨ ਕੇ ਉਸਦਾ ੧੫੨੭ ਵਰਤਮਾਨ ਕਰ ਦਿਤਾ ਅਤੇ ਫੇਰ ਭੁੱਲਕੇ ਸੰਮਤ ੧੫੨੭ ਵਰਤਮਾਨ ਦਾ ਟੇਵਾ ਬਣਾਣ ਦੀ ਥਾਂ ਸੰਮਤ ੧੫੨੭ ਗਤ ਦਾ ਟੇਵਾ ਬਣਾ ਦਿੱਤਾ ਜਿਸ ਨਾਲ ਟੇਵੇ ਵਿਚ ਪੂਰੇ ਇਕ ਸਾਲ ਦਾ ਫਰਕ ਪੈ ਗਿਆ ।"

ਸ: ਕਰਮ ਸਿੰਘ ਦੇ ਉਪ੍ਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਉਹ ਇਸ ਟੇਵੇ ਨੂੰ ਵਿਸਾਖ ਸੁਦੀ ੩ ਦਾ ਮੰਨਦੇ ਹਨ । ਉਨ੍ਹਾਂ ਨੂੰ ਵੀ ਟੇਵਿਆਂ ਬਾਰੇ ਇਲਮ ਨਹੀਂ ਸੀ, ਨਹੀਂ ਤਾਂ ਉਹ ਇਸ ਟੇਵੇ ਨੂੰ ਵਿਸਾਖ ਸੁਦੀ ਤੀਜ ਦੀ ਪੁਸ਼ਟੀ ਲਈ ਕਦਾਚਿਤ ਨਾ ਵਰਤਦੇ ।

ਇਹ ਟੇਵਾ ਵਦੀ ਤੀਜ ਦਾ ਤਾਂ ਹੋ ਸਕਦਾ ਹੈ ਪਰ ਸੁਦੀ ਤੀਜ ਦਾ ਬਿਲਕੁਲ ਨਹੀ । ਇਹ ਗੱਲ ਚੰਦ੍ਰਮਾ ਅਤੇ ਸੂਰਜ ਦੀਆਂ ਟੇਵੇ ਵਿੱਚ ਸਥਿਤੀਆਂ ਤੋਂ ਸਪਸ਼ਟ

ਹੈ । ਜਿ ਇਹ ਟੇਵਾ ਕੁੱਝ ਦਸਦਾ ਹੈ ਤਾਂ ਉਹ ਕੇਵਲ ਇਹ ਕਿ ਕਿਸੇ ਨੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਮਿਤੀ ਅੱਸੂ ਵਦੀ ੧੦, ੧੫੯੬ ਬਿ: ਵਿੱਚੋਂ ੭੦ ਸਾਲ ੫ ਮਹੀਨੇ ੭ ਦਿਨ ਘਟਾ ਕੇ ਵੈਸਾਖ ਵਦੀ ੩ ਦਾ ਟੇਵਾ ਬਣਾਉਣ ਦਾ ਯਤਨ ਕੀਤਾ ਹੈ, ਨਾ ਕਿ ਸੁਦੀ ੩ ਦਾ । ਇਸ ਨਾਲ ਘੱਟੋ ਘੱਟ ਇਕ ਹੋਰ ਸੋਮੇਂ ਤੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਵਦੀ ੧੦ ਹੋਣ ਦੀ ਪ੍ਰੋੜਤਾ ਹੋ ਜਾਂਦੀ ਹੈ । ਅਚੰਭੇ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਦੀ ਜੋਤੀ ਜੋਤ ਸਮਾਉਣ ਦੀ ਜਿਸ ਤਾਰੀਖ ਨੂੰ ਸ: ਕਰਮ ਸਿੰਘ ਸਹੀ ਨਹੀਂ ਮੰਨਦੇ ਉਸੇ ਦੀ ਪ੍ਰੋੜਤਾ ਉਨ੍ਹਾਂ ਦੇ ਦਿੱਤੇ ਟੇਵੇ ਤੋਂ ਹੀ ਹੋ ਜਾਂਦੀ ਹੈ !

ਸ: ਕਰਮ ਸਿੰਘ ਹਿਸਟੋਰੀਅਨ ਦੀ ਗਣਿਤ ਠੀਕ ਨਹੀਂ ਹੈ । ਸੰਮਤ ੧੫੨੭ ਬਿ: ੮ ਵੈਸਾਖ ਨੂੰ ਮੰਗਲਵਾਰ, ਅਤੇ ਵੈਸਾਖ ਸੁਦੀ ੨ ਸੀ, ਨਾ ਕਿ ਬੁੱਧਵਾਰ ਅਤੇ ਵੈਸਾਖ ਸੁਦੀ ੩ ।

ਕੱਤਕ ਪੂਰਨਮਾਸ਼ੀ ਵਾਲੇ ਟੇਵੇ ਵਿੱਚ ਬ੍ਰਹਸਪਤਿ ਗਿਆਰ੍ਹਵੀਂ ਰਾਸ਼ੀ ਵਿੱਚ ਹੈ, ਅਤੇ ਵੈਸਾਖ ਦੇ ਟੇਵੇ ਵਿੱਚ ਚੌਥੀ ਰਾਸ਼ੀ ਵਿਚ । ਬ੍ਰਹਸਪਤਿ ਇੱਕ ਰਾਸ਼ੀ ਵਿੱਚ ਤਕਰੀਬਨ ਇੱਕ ਸਾਲ ਰਹਿੰਦਾ ਹੈ । ਇਸ ਲਈ ਇਨ੍ਹਾਂ ਦੋਹਾਂ ਟੇਵਿਆਂ ਵਿਚ ਘੱਟ ਤੋਂ ਘੱਟ ੬ ਸਾਲ ਅਤੇ ਵੱਧ ਤੋਂ ਵੱਧ ੮ ਸਾਲ ਦਾ ਫਰਕ ਹੈ । ਦੋਹਾਂ ਟੇਵਿਆਂ ਵਿੱਚ ਬਹੁਤ ਗ਼ਲਤੀਆਂ ਹਨ ।

ਕੱਤਕ ਪੂਰਨਮਾਸ਼ੀ ਦਾ ਪੱਖ ਪੂਰਨ ਵਾਲੇ ਵਿੱਦਵਾਨ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮਾ (ਰਚਨਾਂ 11 ਅਕਤੂਬਰ 1769 ਸੰਨ)' ਦਾ ਹਵਾਲਾ ਵੀ ਦਿੰਦੇ ਹਨ, ਪਰ ਆਪ ਹੇਠ ਲਿਖੀਆਂ ਦੋ ਮਿਸਾਲਾਂ ਤੋਂ ਦੇਖ ਸਕਦੇ ਹੋ ਕਿ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਕੇਸਰ ਸਿੰਘ ਦੀ ਤਾਰੀਖ਼ ਦੇ ਤੱਥਾਂ ਨੂੰ ਕਿਸ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ:-

ਬੰਸਾਵਲੀ ਨਾਮਾ - "ਸੰਮਤ ਪੰਦ੍ਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ। ਮਾਹ ਕਾਤਕ ਦਿਨ ਚਉਦਾਂ ਚਾਰ। ਪੁੰਨਿਆਂ ਰਾਤਿ ਗੁਰੂ ਨਾਨਕ ਜੀ ਲੀਨਾ ਅਵਤਾਰ ।120।"

ਗਿਆਨੀ ਈਸ਼ਰ ਸਿੰਘ ਨਾਰਾ ਆਪਣੀ ਪੁਸਤਕ 'ਵਿਸਾਖ ਨਹੀਂ ਕੱਤਕ' ਵਿੱਚ ਇਸ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ - "ਮਹਾਂ ਕਾਰਤਕ ਦਿਨ ਚਾਰ। ਪੁੰਨਿਆਂ ਰਾਤ ਗੁਰੂ ਨਾਨਕ ਲੀਨਾ ਅਵਤਾਰ*" ਅਤੇ *ਨੋਟ ਵਿੱਚ ਇਸ ਤਰ੍ਹਾਂ ਲਿਖਦੇ ਹਨ - "ਇਹ ਮਹਾਂ ਕਾਰਤਕ ਦਿਨ ਚਾਰ ਦਾ ਭਾਵ ਮਹਾਨਤਾ ਭਰਿਆ ਕਤਕ ਮਹੀਨਾ (ਚਾਰ) ਸ੍ਰੇਸ਼ਟ ਦਿਨ ਪੁੰਨਿਆ ਹੈ।" ਸਿਤਮ ਵਾਲੀ ਗੱਲ ਹੈ ਕਿ ਗਿਆਨੀ ਜੀ ਮੂਲ ਪਾਠ ਵਿੱਚੋਂ 'ਚਉਦਾਂ' ਹੜਪ ਕਰ ਗਏ ਹਨ, ਅਤੇ 'ਮਾਹ' ਜਿਸ ਦਾ ਅਰਥ ਮਹੀਨਾਂ ਹੈ ਨੂੰ 'ਮਹਾਂ' ਵਿੱਚ ਬਦਲ ਦਿੱਤਾ ਹੈ। ਮੂਲ ਪਾਠ ਵਿੱਚ 'ਮਾਹ ਕਾਤਕ ਦਿਨ ਚਉਦਾਂ ਚਾਰ' ਦਾ ਅਰਥ ਹੈ ਕੱਤਕ ਮਹੀਨਾ ਅਠਾਰਾਂ ਦਿਨ ਗਏ । ਪਰ ਕੱਤਕ ਪੂਰਮਾਸ਼ੀ ਸੰਮਤ 1526 ਬਿ: ਨੂੰ 21 ਕੱਤਕ ਸੀ, ਇਸ ਲਈ ਛਿੱਬਰ ਦੀ ਪੂਰਨਮਾਸ਼ੀ ਅਤੇ 18 ਕੱਤਕ ਮੇਲ ਨਹੀਂ ਖਾਂਦੇ।

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਸੰਭੰਧੀ ਕਨਿੰਘਮ ਜੀ ਆਪਣੀ ਪੁਸਤਕ The History of The Sikhs ਵਿੱਚ ਜ਼ਿਕਰ ਕਰਦੇ ਹਨ ਕਿ ਇੱਕ ਲਿਖਤ 13 ਕੱਤਕ ਦਿੰਦੀ ਹੈ ਅਤੇ ਇੱਕ ਹੋਰ 18 ਕੱਤਕ।

ਹੁਣ ਜ਼ਰਾ ਦੇਖੋ ਕਿ ਛਿੱਬਰ ਦਾ ਇਹੀ ਹਵਾਲਾ ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੇ ਲੇਖ ਵਿੱਚ ਇਸ ਤਰ੍ਹਾਂ ਦਿੰਦੇ ਹਨ - "ਸੰਮਤ ਪੰਦ੍ਰਾਂ ਸੈ ਛੱਬੀ ਭਏ। ਤਬ ਬਾਬਾ ਨਾਨਕ ਸਾਹਿਬ ਜੀ ਜਨਮ ਲੈ ਲਏ। ਮਹਾਂ ਕਾਰਤਕ ਪੁੰਨਿਆਂ ਰਾਤ ਗੁਰੂ ਨਾਨਕ ਲੀਨਾ ਅਵਤਾਰ ।"

ਡਾ. ਦਿਲਗੀਰ ਜੀ ਮੂਲ ਪਾਠ ਵਿੱਚੋਂ 'ਦਿਨ ਚਉਦਾਂ ਚਾਰ' ਉੜਾ ਗਏ ਹਨ ਕਿਉਂਕਿ ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ 1526 ਬਿ. ਵਿੱਚ ਕੱਤਕ ਪੂਰਨਮਾਸ਼ੀ 18 ਕੱਤਕ ਨੂੰ ਨਹੀਂ ਸੀ। ਨਾਲ ਹੀ 'ਮਾਹ' ਨੂੰ 'ਮਹਾਂ' ਵਿੱਚ ਬਦਲ ਦਿੱਤਾ ਹੈ। ਇਸ ਨੂੰ ਕਹਿੰਦੇ ਹਨ ਖੋਜ!

ਡਾ. ਗੰਡਾ ਸਿੰਘ ਸੰਪਾਦਿਤ 'ਗੁਰਪਰਣਾਲੀਆਂ' ਵਿੱਚ ਪਹਿਲੀ ਗੁਰ-ਪ੍ਰਨਾਲੀ ਭਾਈ ਕੇਸਰ ਸਿੰਘ ਦੀ ਹੈ । ਉਸ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਬਾਰੇ ਇਸ ਤਰ੍ਹਾਂ ਲਿਖਿਆ ਮਿਲਦਾ ਹੈ - "ਬਾਬਾ ਨਾਨਕ ਦੇਵ ਜੀ ਜਨਮੇ ਰਾਇ ਭੋਇ ਭੱਟੀ ਦੀ ਤਲਵੰਡੀ ਬਾਰ ਵਿੱਚ। ਸੰਮਤ 1526 ਕਤਕ ਦਿਨ ਗਿਆਂ ਅਠਾਰਾਂ 18 ਬੁੱਧਵਾਰ, ਪੁੰਨਿਆਂ ਸੁਦੀ ਦੁਇ ਪਹਿਰ ਅਤੇ ਇਕ ਘੜੀ ਰਾਤ ਗਈ। ਅਨੁਰਾਧਾ ਨਿਛੱਤ੍ਰ ਵਿੱਚ"

ਇਥੇ ਦਿੱਤੇ ਤੱਥਾਂ ਵਿੱਚੋਂ ਬੁਧਵਾਰ ਗ਼ਲਤ ਹੈ, ਸਹੀ ਸੁੱਕ੍ਰਵਾਰ ਹੈ।

ਸ੍ਵਾਮੀ ਕੰਨੂ ਪਿੱਲੇ ਨੇ ਆਪਣੀ ਪੁਸਤਕ Indian Ephemeris Part I Vol I ਵਿੱਚ ਲਿਖਿਆ ਹੈ ਕਿ ਜੇ ਕਿਸੇ ਪਰਖੀ ਜਾ ਰਹੀ ਤਾਰੀਖ ਵਿੱਚ ਦਿੱਤੇ ਹੋਏ ਵਾਰ ਨਾਲੋਂ ਅਸਲੀ ਵਾਰ ਦਾ ਇੱਕ ਦਿਨ ਤੋਂ ਵੱਧ ਦਾ ਫ਼ਰਕ ਹੋਵੇ ਤਾਂ ਐਸੀ ਤਾਰੀਖ਼ ਨੂੰ ਗ਼ਲਤ ਸਮਝੋ।

ਕੱਤਕ 21 ਸੀ, 18 ਨਹੀ।

ਅਨੁਰਾਧਾ ਨਛੱਤਰ ਵਿੱਚ ਕੱਤਕ ਪੂਰਨਮਾਸ਼ੀ ਨਾਂਹ ਕਦੇ ਹੋਈ ਹੈ, ਨਾਂਹ ਕਦੇ ਹੋਵੇਗੀ। ਜੇਕਰ ਚੰਦ੍ਰਮਾਂ ਅਨੁਰਾਧਾ ਨਛੱਤਰ ਵਿੱਚ ਹੋਵੇ ਅਤੇ ਪੂਰਨਮਾਸ਼ੀ ਹੋਵੇ ਤਾਂ ਮਹੀਨਾ ਜੇਠ ਦਾ ਹੋਵੇਗਾ।

ਕਿਉਂਕਿ ਕੱਤਕ ਪੂਰਨਮਾਸ਼ੀ ਨਾਲ ਇਹ ਤਿੰਨ ਤੱਥ – ਵਾਰ, ਪ੍ਰਵਿਸਟਾ (ਸੂਰਜੀ ਤਾਰੀਖ), ਅਤੇ ਨਛੱਤਰ – ਮੇਲ ਨਹੀਂ ਖਾਂਦੇ ਅਤੇ ਫ਼ਰਜ਼ੀ ਹਨ, ਇਸ ਲਈ ਪੂਰਨਮਾਸ਼ੀ ਤੇ ਵੀ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ।

ਦਮਦਮੀ ਟਕਸਾਲ ਵਲੋਂ ਛਪੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਦੀ ਤਾਰੀਖ ਛਿੱਬਰ ਦੀ ਗੁਰ ਪਰਨਾਲੀ ਦੇ ਆਧਾਰ ਤੇ ਇਸ ਤਰ੍ਹਾਂ ਦਰਜ ਹੈ –"ਅਵਤਾਰ ਧਾਰਨ ਸੰਮਤ –1526 ਬਿ: ਕੱਤਕ ਸੁਦੀ ਪੂਰਨਮਾਸ਼ੀ, ਦੋ ਘੜੀ ਰਾਤ ਢਲੀ ਤੋਂ ਅਨਰਾਧਾ ਨਛੱਤਰ ਸੀ।'

'ਸ੍ਰੀ ਗੁਰ ਬਿਲਾਸ ਪਾਤਸ਼ਾਹੀ 6' ਕਵੀ ਸੋਹਨ ਜੀ ਲਿਖਤ (ਰਚਨਾ 21 ਜੁਲਾਈ 1718 ਸੰਨ) ਵਿੱਚ ਇਵੇਂ ਦਰਜ ਹੈ -- " ਸਵੈਯਾ॥ ਸੁਨੀ ਪੁਕਾਰ ਦਾਤਾਰ ਪ੍ਰਭੂ ਗੁਰ ਨਾਨਕ ਕੋ ਜਗ ਮਾਹਿ ਪਠਾਯਾ। ਸੰਮਤ ਸੋਮ ਔ ਤਤ ਮਿਲੈ ਦ੍ਰਿਗ ਰੁਤ ਸਭੇ ਜਗ ਮੰਗਲ ਛਾਯਾ। ਕਤਕ ਮਾਸ ਕੇ ਅਰਧ ਗਏ ਥਿਤ ਪੂਰਨ ਮਾਸ ਮਹਾ ਸੁਖ ਦਾਯਾ। ਜਾਨ ਸਸੀ ਸੁਤ ਵਾਰ ਭਲੇ ਨਿਸ ਜਾਮ ਸਵਾ ਰਹਿ ਰੂਪ ਦਿਖਾਯਾ॥385॥ ਦੋਹਰਾ॥ ਨਿਛਤਰ ਅਨਰਾਧਾ ਭਲੇ ਸਭ ਗ੍ਰਿਹਿ ਨਿਜ ਅਸਥਾਨ। ਸੁਨ ਜੇਠਾ ਭਵ ਪਾਇਓ ਗੁਰ ਨਾਨਕ ਸੁਖ ਖਾਂਨ॥386॥"
ਇਹ ਤਾਰੀਖ 1526 ਸੰਮਤ, ਕੱਤਕ ਮਹੀਨਾ ਅੱਧ ਬੀਤੇ, ਬੁੱਧਵਾਰ, ਅਨੁਰਾਧਾ ਨਛੱਤ੍ਰ, ਪੂਰਨਮਾਸ਼ੀ ਦੀ ਬਣਦੀ ਹੈ। ਅਸੀਂ ਉੱਪਰ ਦਸ ਆਏ ਹਾਂ ਕਿ ਕਿਵੇਂ ਇਹ ਸਭ ਤੱਤ ਕੱਤਕ ਪੂਰਨਮਾਸ਼ੀ ਨਾਲ ਮੇਲ ਨਹੀਂ ਖਾਂਦੇ। ਕਵੀ ਸੋਹਨ ਦੀ ਇਹ ਰਚਨਾ ਪਹਿਲੋਂ ਦੀ ਹਣ ਕਾਰਨ ਛਿੱਬਰ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਦੀ ਤਾਰੀਖ਼ ਇਸ ਸੋਮੇ ਤੋਂ ਲਈ ਜਾਪਦੀ ਹੈ।

ਹੁਣ ਅਸੀ੍ ਇੱਕ ਨਵੀਨ ਪੱਖ ਪੇਸ਼ ਕਰਦੇ ਹਾਂ :

ਇਹ ਆਮ ਗਿਆਨ ਹੈ ਕਿ ਕਿਸੇ ਵਿਅਕਤੀ ਦੀ ਆਯੂ ਸੂਰਜੀ ਸਾਲਾਂ ਨਾਲ ਗਿਣੀ ਜਾਂਦੀ ਹੈ ਨਾਂ ਕਿ ਚੰਦ੍ਰ ਸਾਲਾਂ ਨਾਲ। ਇਸ ਗੱਲ ਦੀ ਪੁਸ਼ਟੀ ਬੜੀ ਅਸਾਨੀ ਨਾਲ ਕਿਸੇ ਪਿੰਡ ਵਿੱਚ ਜਾ ਕੇ ਕਿਸੇ ਬਜ਼ੁਰਗ ਤੋਂ, ਜੋ ਪੜ੍ਹੇ ਲਿਖੇ ਨਾ ਹੋਣ, ਉਨ੍ਹਾਂ ਦੀ ਜਨਮ ਤਾਰੀਖ਼ ਪੁੱਛਣ ਨਾਲ ਕੀਤੀ ਜਾ ਸਕਦੀ ਹੈ। ਜਵਾਬ ਹਮੇਸ਼ਾ ਇਹੀ ਹੋਵੇਗਾ ਕਿ ਅਜੋਕਾ ਮਹੀਨਾਂ ਇੰਨ੍ਹੇ ਦਿਨ ਗਿਆ ਸੀ (ਜੇ ਉਨ੍ਹਾਂ ਨੂੰ ਜਨਮ ਤਾਰੀਖ਼ ਦਾ ਪਤਾ ਹੋਵੇ!) ਉਹ ਇਹ ਕਹਿਣਗੇ ਕਿ ਚੇਤ ੮ ਦਿਨ, ਜਾਂ ਵੈਸਾਖ ੨੦ ਦਿਨ ਗਿਆ ਸੀ, ---- ਇਤ ਆਦਿ। ਉਹ ਕਦੇ ਸੁਦੀ ਜਾਂ ਵਦੀ ਦੀ ਤਾਰੀਖ ਨਹੀ ਦੱਸਣਗੇ।

ਆਓ ਹੁਣ ਗਣਿਤ ਬਿ: ਸੂਰਜੀ ਕੈਲੰਡਰ ਅਨੁਸਾਰ ਕਰੀਏ:

ਲੇਖਿਕ ਨੇ ਗੁਰੂ ਨਾਨਕ ਦੇਵ ਜੀ ਦੀ ਆਯੂ ੭੦ ਸਾਲ, ੫ ਮਹੀਨੇ, ੭ ਦਿਨ (ਬਿਕ੍ਰਮੀ ਸੂਰਜੀ ਕੈਲੰਡਰ ਅਨੁਸਾਰ), ਸਹੀ ਮੰਨੀ ਹੈ। ਇਹ ਪੁਰਾਣੇ ਸੋਮਿਆਂ ਵਿੱਚ ਲਿਖੀ ਮਿਲਦੀ ਹੈ। ਅਤੇ ਅਜੋਕੇ ਵਿੱਦਵਾਨ ਵੀ ਇਸ ਨੂੰ ਠੀਕ ਮੰਨਦੇ ਹਨ।

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ ੧੦, ੧੫੯੬ ਬਿ: ਨੂੰ ਠੀਕ ਮੰਨਿਆ ਹੈ। ਇਹ ਤਾਰੀਖ਼ ਕਰਤਾਰਪੁਰ ਵਾਲੀ ਬੀੜ ਅਤੇ ਹੋਰ ਹੱਥ ਲਿਖਤ ਉਤਾਰਿਆਂ ਵਿੱਚ ਦਰਜ ਹੈ। ਡਾ: ਪਿਆਰ ਸਿੰਘ ਅਨੁਸਾਰ ਇਹ ਤਾਰੀਖ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਪ੍ਰਚੱਲਤ ਹੋ ਚੁੱਕੀ ਸੀ। ਇਸ ਤੇ ਇਹ ਟਿੱਪਣੀ ਕੀਤੀ ਜਾ ਸਕਦੀ ਹੈ ਕਿ ਜੇ ਇਹ ਗ਼ਲਤ ਹੁੰਦੀ ਤਾਂ ਗੁਰੂ ਸਾਹਿਬ ਇਸ ਦੀ ਸੋਧ ਲਈ ਜ਼ਰੂਰ ਕੋਈ ਕਦਮ ਚੁੱਕਦੇ।

ਇਨ੍ਹਾਂ ਤਾਰੀਖ਼ਾਂ ਦੇ ਆਧਾਰ ਤੇ ਗਣਿਤ ਇਸ ਪ੍ਰਕਾਰ ਹੈ:

ਅੱਸੂ ਵਦੀ ੧੦, ੧੫੯੬ ਬਿ: = ੮ ਅੱਸੂ, ੧੫੯੬
੮ ਅੱਸੂ, ੧੫੯੬ਬਿ: ਵਿਚੋਂ ਆਯੂ ਘਟਾਓ ੭ਦਿਨ ੫ਮਹੀਨੇ ੭੦ਸਾਲ
ਪ੍ਰਕਾਸ਼ ਦੀ ਮਿਤੀ = ੧ ਵੈਸਾਖ, ੧੫੨੬ਬਿ:

(ਗੁਰੂ ਜੀ ਦੀ ਆਯੂ ੨੫੭੩੧ ਦਿਨ = ੩੬੭੫ ਹਫ਼ਤੇ, ੬ ਦਿਨ)

ਇਸ ਤਰ੍ਹਾਂ ਗੁਰੂ ਜੀ ਦੇ ਪ੍ਰਕਾਸ਼ ਹੋਣ ਦੀ ਤਾਰੀਖ਼ ੧ ਵੈਸਾਖ (ਵੈਸਾਖੀ ਜਾਂ ਵਸੋਆ) ਬਣਦੀ ਹੈ। ਰਹੱਸ ਵਾਲੀ ਗੱਲ ਇਹ ਹੈ ਕਿ ਉਸ ਵੈਸਾਖੀ ਵਾਲੇ ਦਿਨ ਪੂਰਨਮਾਸ਼ੀ ਵੀ ਸੀ, ਸੋਮਵਾਰ ਦਾ ਦਿਨ ਅਤੇ ੨੭ ਮਾਰਚ ੧੪੬੯ ਸ:ਸ: (ਜੂਲੀਅਨ)।

ਇਸ ਸਿੱਟੇ ਤੇ ਪਹਿਲਾਂ ਕੋਈ ਨਹੀ਼ ਪੁੱਜਿਆ ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਸਭ ਖੋਜਕਾਰ ਗਣਿਤ ਚੰਦ੍ਰਸਾਲ ਨਾਲ ਕਰਦੇ ਰਹੇ। ਦੂਜੇ, ਜੇ ਗਣਿਤ ਸੂਰਜੀ ਸਾਲ ਨਾਲ ਵੀ ਕਰਦੇ ਤਾਂ ਕਿਉਂਕਿ ਡਾ: ਗੰਡਾ ਸਿੰਘ ਨੇ ਅੱਸੂ ਵਦੀ ੧੦, ੧੫੯੬ ਬਿ: ਨੂੰ ੭ ਅੱਸੂ ਦੱਸਿਆ ਹੈ, ਇੱਕ ਦਿਨ ਦਾ ਫਰਕ ਪੈ ਜਾਣਾ ਸੀ (ਜਦ ਕਿ ਉੱਪਰ ਦੱਸੇ ਅਨੁਸਾਰ ਸਹੀ ੮ ਅੱਸੂ ਹੈ)।

ਡਾ: ਗੰਡਾ ਸਿੰਘ ਨੇ ੭ ਅੱਸੂ ਦੀ ਤਾਰੀਖ ਸਵਾਮੀ ਕਨੂੰ ਪਿੱਲੇ ਦੀ '**Indian Ephemeris**' ਵਿਚੋਂ ਲਈ ਹੈ, ਪਰ ਉਸ ਪੁਸਤਕ ਦੀਆਂ ਸੂਰਜੀ ਤਾਰੀਖਾਂ ਤਾਮਿਲਨਾਡੂ ਪ੍ਰਨਾਲੀ ਅਨੁਸਾਰ ਹਨ, ਅਤੇ ਪੰਜਾਬ ਨਾਲੋਂ ਅੱਧੀਆਂ ਤਾਰੀਖਾਂ ਵਿੱਚ ਇੱਕ ਦਿਨ ਦਾ ਫਰਕ ਹੈ।

ਲੇਖਿਕ ਦੀ ਗਣਿਤ ਸਿੱਧ ਕਰਦੀ ਹੈ ਕਿ ਕੱਤਕ ਸੁਦੀ ਪੂਰਨਮਾਸ਼ੀ ਵਾਲੇ ਵਿਚਾਰਵਾਨਾਂ ਦੀ ਪੂਰਨਮਾਸ਼ੀ ਠੀਕ ਹੈ, ਮਹੀਨਾ ਗ਼ਲਤ, ਅਤੇ ਵੈਸਾਖ ਸੁਦੀ ਤੀਜ ਵਾਲਿਆਂ ਦੀ ਸੁਦੀ ਤੀਜ ਗ਼ਲਤ ਹੈ ਪਰ ਸੂਰਜੀ ਮਹੀਨਾ ਠੀਕ।

ਵਿੱਦਵਾਨਾਂ ਦੇ ਵਿਚਾਰਨ ਲਈ ਜੋ ਤਾਰੀਖ਼ ਇਸ ਪੇਪਰ ਰਾਹੀਂ ਪੇਸ਼ ਕੀਤੀ ਜਾ ਰਹੀ ਹੈ, ਉਹ ਇਸ ਪ੍ਰਕਾਰ ਹੈ:

ੑ ਵੈਸਾਖ ੧੫੨੬ ਬਿ: (ਵੈਸਾਖੀ, ਵਸੋਆ)
ਚੇਤ ਸੁਦੀ ੧੫, ਪੂਰਨਮਾਸ਼ੀ
੨੭ ਮਾਰਚ, ੧੪੬੯ ਸ:ਸ:
ਸੋਮਵਾਰ

ਭਾਈ ਗੁਰਦਾਸ ਦੀ ਵਾਰ ਵਿੱਚ 'ਸਤਿਗੁਰ ਨਾਨਕ ਪ੍ਰਗਟਿਆਂ ਵਾਲੀ ਪਉੜੀ ਵਿੱਚ 'ਵਸੋਆਂ ਸ਼ਬਦ 'ਕੇਵਲ ਤੇ ਕੇਵਲਂ ਵੈਸਾਖੀ ਅਤੇ ਵੈਸਾਖ ੧ ਦਾ ਪ੍ਰਤੀਕ ਹੈ। ਇਸ ਦੇ ਵਿੰਗੇ ਟੇਢੇ ਅਰਥ ਕਰਨ ਦੀ ਲੋੜ ਨਹੀ਼ ਪੈਂਦੀ।

ਲੇਖਿਕ ਦੇ ਵਿਚਾਰ ਵਿੱਚ ਗੁਰੂ ਅਮਰਦਾਸ ਜੀ ਵੱਲੋ਼ ਬਾਉਲੀ ਸਾਹਿਬ ਤਿਆਰ ਕਰਵਾਉਣ ਉਪ੍ਰੰਤ ਵਸੋਆ ਪੁਰਬ ਮਨਾਉਣ ਦੀ ਆਗਿਆ ਦੇਣ, ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਸਾਖੀ ਦੇ ਦਿਹਾੜੇ ਨੂੰ ਖਾਲਸਾ ਪੰਥ ਦੀ ਸਿਰਜਣਾ ਲਈ ਚੁਨਣ ਦਾ ਕਾਰਨ ਇਸ ਦਿਹਾੜੇ ਦਾ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ ਦਿਵਸ ਹੋਣਾ ਸੀ।

ਇਸ ਤਾਰੀਖ਼ ਨਾਲ ਹੇਠ ਲਿਖੇ ਸਾਰੇ ਤੱਤ ਮੇਲ ਖਾ ਜਾਂਦੇ ਹਨ :-

ਗੁਰੂ ਜੀ ਦੀ ਆਯੂ ੭੦ ਸਾਲ ੫ ਮਹੀਨੇ ੭ ਦਿਨ
ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਮਿਤੀ - ਅੱਸੂ ਵਦੀ ੧੦, ੧੫੯੬ ਬਿ:
ਪੂਰਨਮਾਸ਼ੀ
ਗੁਰੂ ਜੀ ਦੇ ਆਗਮਨ ਸੰਬੰਧੀ ਭਾਈ ਗੁਰਦਾਸ ਜੀ ਵੱਲੋਂ ਵਸੋਆ ਸ਼ਬਦ ਦੀ ਵਰਤੋਂ
ਗੁਰੂ ਅਮਰਦਾਸ ਜੀ ਵੱਲੋ਼ ਬਾਉਲੀ ਸਾਹਿਬ ਤਿਆਰ ਕਰਵਾਉਣ ਉਪ੍ਰੰਤ ਵਸੋਆ ਪੁਰਬ ਮਨਾਉਣ ਦੀ ਆਗਿਆ
ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਸਾਖੀ ਦੇ ਦਿਹਾੜੇ ਨੂੰ ਖਾਲਸਾ ਪੰਥ ਦੀ ਸਿਰਜਣਾ ਲਈ ਚੁਨਣਾ।

ਜੋ ਪ੍ਰਸਿੱਧ ਲਿਖਾਰੀ ਅਤੇ ਵਿੱਦਵਾਨ ਵੈਸਾਖ ਦੀ ਤਾਰੀਖ਼ ਨਾਲ ਸਹਿਮਤ ਹਨ ਉਨ੍ਹਾਂ ਦੇ ਨਾਮ ਹਨ:

1. ਸ. ਕਰਮ ਸਿੰਘ ਹਿਸਟੋਰੀਅਨ
2. ਭਾਈ ਕਾਨ੍ਹ ਸਿੰਘ ਨਾਭਾ
3. ਡਾ. ਗੰਡਾ ਸਿੰਘ
4. ਪ੍ਰਿ: ਸਤਬੀਰ ਸਿੰਘ
5. ਪ੍ਰੋ. ਸਾਹਿਬ ਸਿੰਘ
6. ਡਾ. ਹਰੀ ਰਾਮ ਗੁਪਤਾ
7. ਐਮ. ਏ. ਮੈਕਾਲਿਫ਼।

ਜਨਮ ਸਾਖੀਆਂ ਜੋ ਵੈਸਾਖ ਦੀ ਤਾਰੀਖ ਦਿੰਦਆਂ ਹਨ:

1. ਮੇਹਰਬਾਨ ਵਾਲੀ ਜਨਮ ਸਾਖੀ
2. ਭਾਈ ਮਨੀ ਸਿੰਘ ਦੀ ਗਿਆਨ ਰਤਨਾਵਲੀ
3. ਬੀ-40 ਜਨਮ ਸਾਖੀ
4. ਪੁਰਾਤਨ ਜਨਮ ਸਾਖੀ

5. ਪੱਥਰ ਦਾ ਛਾਪੇ ਵਾਲੀ ਜਨਮ ਸਾਖੀ ਜੋ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਆਰਕਾਈਵਜ਼ ਵਿਭਾਗ ਵਿੱਚ ਸਾਂਭੀ ਪਈ ਹੈ।

ਮੈਕਾਲਿਫ਼ ਅਨੁਸਾਰ ਪਹਿਲਾਂ ਗੁਰਪੁਰਬ ਨਨਕਾਣਾ ਸਾਹਿਬ ਵਿਖੇ ਵੈਸਾਖ ਵਿੱਚ ਹੀ ਮਨਾਇਆ ਜਾਂਦਾ ਸੀ। ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ 1816 ਸੰਨ ਤੋਂ ਕੱਤਕ ਪੂਰਨਮਾਸ਼ੀ ਨੂੰ ਮਨਾਉਣਾ ਅਰੰਭ ਹੋ ਗਿਆ।

ਐਮ. ਏ. ਮੈਕਾਲਿਫ਼ ਲਿਖਦੇ ਹਨ:
"ਹੰਦਾਲੀ ਅਤੇ ਸਾਰੀਆਂ ਅਜੋਕੀਆਂ ਜਨਮ ਸਾਖੀਆਂ ਜਿਸ ਮਹੀਨੇ ਵਿੱਚ ਬਾਬੇ ਨਾਨਕ ਦਾ ਪ੍ਰਕਾਸ਼ ਹੋਇਆ, ਕਾਰਤਿਕ ਦਿੰਦੀਆਂ ਹਨ। ਅਤੇ ਭਾ: ਮਨੀ ਸਿੰਘ ਵਾਲੀ ਅਤੇ ਹੋਰ ਸਾਰੀਆਂ ਪੁਰਾਤਨ ਜਨਮ ਸਾਖੀਆਂ ਵਿੱਚ ਗੁਰੂ [ਸਾਹਿਬ] ਦੇ ਪ੍ਰਕਾਸ਼ ਦਾ ਮਹੀਨਾ ਵੈਸਾਖ ਦਿੱਤਾ ਹੋਇਆ ਹੈ।

ਗੁਰੂ [ਸਾਹਿਬ] ਦੇ ਪ੍ਰਕਾਸ਼ ਮਹੀਨੇ ਦੀ ਕੱਤਕ ਵਿੱਚ ਸ਼ੁਰੂਆਤ ਦੀ ਪ੍ਰਕ੍ਰਿਆ ਇਸ ਢੰਗ ਨਾਲ ਹੋਈ:

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਮ੍ਰਿਤਸਰ ਵਿੱਚ ਭਾਈ ਸੰਤ ਸਿੰਘ ਗਿਆਨੀ ਰਹਿੰਦਾ ਸੀ, ਜਿਸ ਦਾ ਮਹਾਰਾਜਾ ਦੇ ਮਨ ਵਿੱਚ ਬੜਾ ਸਤਿਕਾਰ ਸੀ। ਅੰਮ੍ਰਿਤਸਰ ਤੋਂ ਕੋਈ ਪੰਜ ਕੁ ਮੀਲ ਦੂਰ ਇੱਕ ਪੁਰਾਣਾ ਸਰੋਵਰ ਹੈ ਜਿਸ ਦਾ ਨਾਮ ਰਾਮ ਤੀਰਥ ਭਾਵ ਹਿੰਦੂ ਦੇਵਤੇ ਰਾਮ ਦਾ ਤੀਰਥ। ਉਸ ਸਥਾਨ ਤੇ ਕਾਰਤਿਕ ਮਹੀਨੇ ਦੀ ਪੂਰਨਮਾਸ਼ੀ ਨੂੰ ਹਿੰਦੂ ਮੇਲਾ ਲੱਗਦਾ ਸੀ, ਜੋ ਹੁਣ ਵੀ ਲੱਗਦਾ ਹੈ। ਮੁੱਖ ਰੂਪ ਵਿੱਚ ਇਹ ਸਥਾਨ ਹਿੰਦੂ ਹੈ। ਭਾਈ [ਸਾਹਿਬ] ਦੀਆਂ ਅੱਖਾਂ ਵਿੱਚ ਇਹ ਹੋਰ ਵੀ ਰੜਕਦਾ ਸੀ ਕਿਉਂਕਿ ਇਸ ਸਥਾਨ ਦੀ ਮੁਰੰਮਤ ਕਰਵਾਉਣ ਵਾਲਾ, ਜ਼ਕਰੀਆ ਖ਼ਾਨ ਬਹਾਦੁਰ ਦਾ ਇਨਸਾਨੀਅਤ ਹੀਣ ਮੁੱਖ ਮੰਤ੍ਰੀ, ਸਿੱਖਾਂ ਦਾ ਘਾਣ ਕਰਨ ਵਾਲਾ, ਲੱਖਪਤ ਸੀ। ਭਾਈ ਸੰਤ ਸਿੰਘ ਦੀ ਇੱਛਾ ਸੀ ਇਸ ਮੇਲੇ ਦੇ ਉਲਟ ਅੰਮ੍ਰਿਤਸਰ ਵਿੱਚ ਉਸੇ ਦਿਨ ਮੇਲਾ ਸਥਾਪਿਤ ਕੀਤਾ ਜਾਵੇ ਤਾਕਿ ਸਿੱਖਾਂ ਨੂੰ ਰਾਮ ਤੀਰਥ ਦੀ ਹਿੰਦੂ ਯਾਤਰਾ ਤੋਂ ਰੋਕਿਆ ਜਾ ਸਕੇ।
ਉਸ ਨੇ ਗ਼ਲਤੀ ਨਾਲ ਗੁਰੂ ਨਾਨਕ [ਸਾਹਿਬ] ਦੇ ਪ੍ਰਕਾਸ਼ ਦੀ ਹੰਦਾਲੀ ਤਾਰੀਖ ਨੂੰ ਅਪਣਾ ਲਿਆ, ਅਤੇ ਐਲਾਨ ਕਰ ਦਿੱਤਾ ਕਿ ਅੰਮ੍ਰਿਤਸਰ ਵਿੱਚ ਕਾਰਤਿਕ ਪੂਰਨਮਾਸ਼ੀ ਨੂੰ ਨਵਾਂ ਮੇਲਾ [ਸਿੱਖ] ਧਰਮ ਦੇ ਬਾਨੀ ਗੁਰੂ ਨਾਨਕ [ਸਾਹਿਬ] ਦੇ ਪ੍ਰਕਾਸ਼ ਦਿਹਾੜੇ ਦੇ ਸਨਮਾਨ ਵਿੱਚ ਹੈ।

ਇਸ ਵਿੱਚ ਰੱਤੀ ਵੀ ਸ਼ੱਕ ਨਹੀਂ ਕਿ ਗੁਰੂ ਨਾਨਕ [ਸਾਹਿਬ] ਦਾ ਪ੍ਰਕਾਸ਼ ਵੈਸਾਖ ਵਿੱਚ ਹੋਇਆ ਹੈ। ਸਭ ਪੁਰਾਤਨ ਜਨਮ ਸਾਖੀਆਂ ਇਸੇ ਨੂੰ ਹੀ ਗੁਰੂ ਨਾਨਕ [ਸਾਹਿਬ] ਦਾ ਪ੍ਰਕਾਸ਼ ਮਹੀਨਾ ਦੱਸਦੀਆਂ ਹਨ। ਸੰਮਤ 1874 [ਸੰਨ 1817] ਤੱਕ ਵੀ ਗੁਰੂ ਨਾਨਕ [ਸਾਹਿਬ] ਦਾ ਪ੍ਰਕਾਸ਼ ਵਰ੍ਹੇਗੰਢ ਉਤਸਵ ਸਦਾ ਨਨਕਾਣਾ [ਸਾਹਿਬ] ਵਿਖੇ ਵੈਸਾਖ ਮਹੀਨੇ ਹੀ ਮਨਾਇਆ ਜਾਂਦਾ ਰਿਹਾ ਹੈ।

ਅਤੇ ਮੁੱਕਦੀ ਗੱਲ -- ਨਾਨਕ ਪ੍ਰਕਾਸ਼ ਵਿੱਚ ਗੁਰੂ ਨਾਨਕ [ਸਾਹਿਬ] ਦਾ ਪ੍ਰਕਾਸ਼ ਸਮਾਂ ਕਾਰਤਿਕ ਪੂਰਨਮਾਸ਼ੀ ਸੰਮਤ 1526, ਜੋਤੀ ਜੋਤ ਸਮਾਉਣ ਦੀ ਤਾਰੀਖ਼ ਅੱਸੂ ਵਦੀ 10 ਸੰਮਤ 1596, ਅਤੇ ਹੈਰਾਨੀਜਨਕ ਉਪ੍ਰੋਕਤ ਤਾਰੀਖਾਂ ਨਾਲ ਮੇਲ ਨਾਂਹ ਖਾਣ ਵਾਲੀ ਆਯੂ 70 ਸਾਲ 5 ਮਹੀਨੇ ਅਤੇ 7 ਦਿਨ ਦਿੱਤੇ ਹਨ, ਜਦ ਕਿ ਇਹ [ਆਯੂ] ਬਹੁਤ ਨੇੜਤਾ ਨਾਲ ਪੁਰਾਤਨ ਜਨਮ ਸਾਖੀ ਵਿੱਚ ਦਿੱਤੀ ਗੁਰੂ ਨਾਨਕ [ਸਾਹਿਬ] ਦੇ ਪ੍ਰਕਾਸ਼ ਦੀ ਤਾਰੀਖ਼ ਨਾਲ ਮੇਲ ਖਾ ਜਾਂਦੀ ਹੈ।" – (ਅੰਗ੍ਰੇਜ਼ੀ ਤੋਂ ਅਨੁਵਾਦ ਪਾਲ ਸਿੰਘ ਪੁਰੇਵਾਲ)
- Max Arthur Macauliffe, The
Sikh Religion, first edition 1909CE,
reprinted by Low Price Publications.
Delhi 1996 p.lxxxiv.

ਇਹ ਖੋਜ ਪੱਤਰ ਬਹੁਤ ਸਾਲ ਪਹਿਲਾਂ ਅੰਗ੍ਰੇਜ਼ੀ ਵਿੱਚ ਲਿਖਿਆ ਗਿਆ ਸੀ ਜਿਸ ਦਾ ਪੰਜਾਬੀ ਰੂਪ 1995 ਵਿੱਚ ਵਿਸ਼ਵ ਸਿੱਖ ਸੰਮੇਲਨ ਇਤਿਹਾਸ ਸੰਬੰਧੀ ਸੈਮੀਨਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਖੋਜ ਪੱਤ੍ਰਕਾਵਾਂ ਵਿੱਚ ਵੀ ਪ੍ਰਕਾਸ਼ਿਤ ਹੋਇਆ।
ਹੱਥਲੇ ਪਰਚੇ ਵਿੱਚ ਕੁੱਝ ਵਾਧੂ ਸਮਗ੍ਰੀ ਵੀ ਹੈ ਅਤੇ ਮਾਮੂਲੀ ਅਪਡੇਟ ਵੀ।

****

ਪਾਲ ਸਿੰਘ ਪੁਰੇਵਾਲ Tel: 780-463-2306
Email: pspurewal@yahoo.com
website:ww.nanakshahi.net